# ਦਾਊਦ ਰਾਜਾ ਨੇ ਬੁਰੀ ਆਦਤ ਤਿਆਗੀ

ਬੱਚਿਆਂ ਨੂੰ ਸਿਖਾਓ, ਕਿਵੇਂ ਪਰਮੇਸ਼ੁਰ ਉਨ੍ਹਾਂ ਦੇ ਜੀਵਨਾਂ ਵਿੱਚ ਸ਼ੈਤਾਨ ਦੀ ਸ਼ਕਤੀ ਨੂੰ ਤੋੜਦਾ ਹੈ।

**ਪ੍ਰਾਰਥਨਾ :** ''ਪ੍ਰਭੂ, ਕਿਰਪਾ ਕਰਕੇ ਦਾਊਦ ਅਤੇ ਬਥਸ਼ਬਾ ਦੇ ਅਧਿਐਨ ਦਾ ਪ੍ਰਯੋਗ ਬੱਚਿਆਂ ਨੂੰ ਉਨ੍ਹਾਂ ਦੇ ਜੀਵਨਾਂ ਵਿੱਚ ਹਾਨੀਕਾਰਕ ਆਦਤਾਂ ਨੂੰ ਛੱਡਣ ਲਈ ਮਦਦ ਕਰਨ ਵਾਸਤੇ ਕਰੋ।''

**2 ਸਮੂਏਲ 11 ਅਧਿਆਏ ਅਤੇ 12:1-23** ਨੂੰ ਪੜ੍ਹਨ ਦੁਆਰਾ ਤਿਆਰੀ ਕਰੋ ਕਿ ਕਿਵੇਂ ਪਰਮੇਸ਼ੁਰ ਨੇ ਦਾਊਦ ਦੇ ਜੀਵਨ ਵਿੱਚ ਹਰਾਮਕਾਰੀ ਦੀ ਸ਼ਕਤੀ ਨੂੰ ਤੋੜਿਆ।

ਕਿਸੇ ਇੱਕ ਵੱਡੇ ਬੱਚੇ ਨੂੰ, ਮੂੰਹ ਜ਼ਬਾਨੀ ਕਹਾਣੀ ਦੱਸਣ ਜਾਂ ਪੜ੍ਹਨ ਦਿਓ। ਫਿਰ 2 ਸਮੂਏਲ 11:1-17 ਵਿੱਚੋਂ ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛੋ। (*ਹਰ ਪ੍ਰਸ਼ਨ ਦਾ ਜਵਾਬ ਉਸਦੇ ਅੱਗੇ ਦਿੱਤਾ ਗਿਆ ਹੈ।*)



- ਰਾਜੇ ਨੇ ਕੀ ਲਿਆ, ਜੋ ਉਸਦਾ ਨਹੀਂ ਸੀ?

  (*ਉੱਤਰ : ਆਇਤ 4 ਵੇਖੋ। ਦਾਊਦ ਉਨ੍ਹਾਂ ਚੀਜ਼ਾਂ ਨੂੰ ਲੈਣ ਦਾ ਆਦੀ ਬਣ ਗਿਆ, ਜੋ ਕੁਝ ਵੀ ਉਹ ਚਾਹੁੰਦਾ ਸੀ, ਕਿਉਂਕਿ ਉਹ ਰਾਜਾ ਸੀ। ਇਹ ਗੁਨਾਹ ਭਰੀ ਆਦਤ ਸੀ। ਨਤੀਜੇ ਵਜੋਂ, ਉਸਨੇ ਹਰਾਮਕਾਰੀ ਕੀਤੀ* )
- ਦਾਊਦ ਰਾਜੇ ਨੇ ਊਰਿੱਯਾਹ ਨੂੰ ਕਿਵੇਂ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ? (ਆਇਤ 8 ਵੇਖੋ।)
- ਕਿਵੇਂ ਇੱਕ ਪਾਪ ਕਾਰਨ ਦਾਊਦ ਨੇ ਦੂਜੇ ਪਾਪ ਕੀਤੇ ?

  (13 ਅਤੇ 14 ਆਇਤ ਵੇਖੋ। ਅਕਸਰ, ਜਦੋਂ ਅਸੀਂ ਇੱਕ ਪਾਪ ਨੂੰ ਢੱਕਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਹੋਰ ਬੁਰੇ ਪਾਪ ਕਰਦੇ ਹਾਂ। ਜਦੋਂ ਦਾਊਦ ਨੇ ਆਪਣੇ ਪਾਪ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਝੂਠ ਬੋਲਿਆ ਅਤੇ ਕਤਲ ਕੀਤਾ।

**2 ਸਮੂਏਲ 12:1-14 ਵਿੱਚੋਂ ਪ੍ਰਸ਼ਨ**

- ਨਾਥਾਨ ਨੇ ਦਾਊਦ ਨੂੰ ਉਸਦੇ ਪਾਪ ਨੂੰ ਪਛਾਣਨ ਵਿੱਚ ਮਦਦ ਕਰਨ ਲਈ ਕੀ ਦੱਸਿਆ? (*ਆਇਤ 1 ਵੇਖੋ*)। *ਉਸਨੇ ਇੱਕ ਕਹਾਣੀ ਦੱਸੀ। ਪਰਮੇਸ਼ੁਰ ਸਾਨੂੰ ਆਪਣੇ ਪਾਪ ਨੂੰ ਪਛਾਣਨ ਵਿੱਚ ਮਦਦ ਕਰਨ, ਸਾਡੇ ਲਈ ਪ੍ਰਾਰਥਨਾ ਕਰਨ, ਅਤੇ ਸਾਨੂੰ ਆਪਣੇ ਕੰਮਾਂ ਦੀ ਜਿੰਮੇਵਾਰੀ ਨੂੰ ਸਵੀਕਾਰ ਕਰਨ ਵਿੱਚ ਮਦਦ ਕਰਨ ਲਈ ਅਕਸਰ ਬੁੱਧਵਾਨ ਲੋਕਾਂ ਦਾ ਪ੍ਰਯੋਗ ਕਰਦਾ ਹੈ।*
- ਦਾਊਦ ਨੂੰ ਕੀ ਕਰਨਾ ਪਿਆ, ਜਦ ਕਿ ਪਰਮੇਸ਼ੁਰ ਨੇ ਉਸਦੇ ਜੀਵਨ ਵਿੱਚ ਪਾਪ ਦੀ ਸ਼ਕਤੀ ਨੂੰ ਤੋੜਿਆ? (*ਆਇਤ 13*)
- ਕੀ ਪਰਮੇਸ਼ੁਰ ਨੇ ਦਾਊਦ ਨੂੰ ਮਾਫ਼ ਕੀਤਾ? (*ਆਇਤ 13*)
- ਦਾਊਦ ਦੇ ਪਾਪ ਦਾ ਕੀ ਨਤੀਜ਼ਾ ਸੀ? (*ਆਇਤ 14*)

ਦਾਊਦ ਅਤੇ ਬਥਸ਼ਬਾ ਦੀ ਕਹਾਣੀ ਦੇ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਮੁੱਖ ਮੰਡਲੀ ਦੇ ਅਰਾਧਨਾ ਆਗੂਆਂ ਨਾਲ ਮਿਲਕੇ, ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।

- ਵੱਡੇ ਬੱਚਿਆਂ ਨੂੰ, ਛੋਟੇ ਬੱਚਿਆਂ ਨੂੰ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਨਾਥਾਨ, ਦਾਊਦ, ਬਥਸ਼ਬਾ, ਊਰਿੱਯਾਹ ਅਤੇ ਕਥਾਵਾਚਕ, ਜੋ ਕਹਾਣੀ ਦਾ ਖੁਲਾਸਾ ਅਤੇ ਬੱਚਿਆਂ ਨੇ ਜੋ ਕਰਨਾ ਹੈ, ਉਸਨੂੰ ਯਾਦ ਕਰਨ ਵਿੱਚ ਮਦਦ ਕਰਨ ਦਾ ਕਿਰਦਾਰ ਨਿਭਾਉਣ ਦਿਓ।
- **ਛੋਟੇ ਬੱਚਿਆਂ** ਨੂੰ ਤੀਰ ਅੰਦਾਜ਼, ਅਮੀਰ ਆਦਮੀ, ਗਰੀਬ ਆਦਮੀ, ਪਾਲਤੂ ਲੇਲੇ ਅਤੇ ਭੇਡਾਂ ਦਾ ਕਿਰਦਾਰ ਨਿਭਾਉਣ ਦਿਓ।
- ਇਹ ਨਾਟਕ ਜਿੰਨ੍ਹਾਂ ਵੀ ਸੰਭਵ ਹੋਵੇ, ਘੱਟ ਤੋਂ ਘੱਟ ਸ਼ਬਦਾਂ ਵਿੱਚ ਕਰਨ ਦੀ ਕੋਸ਼ਿਸ਼ ਕਰੋ।
- ਜੇਕਰ ਤੁਹਾਡਾ ਸਮੂਹ ਛੋਟਾ ਹੈ, ਤਾਂ ਭੇਡਾਂ ਨੂੰ ਛੱਡ ਦਿਓ (ਅਮੀਰ ਆਦਮੀ ਉਨ੍ਹਾਂ ਨੂੰ ਗਿਣਨ ਦਾ ਢੋਂਗ ਕਰੇ)।

**ਕਥਾਵਾਚਕ:** 2 ਸਮੂਏਲ 11:1-17 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੇ।

ਫਿਰ ਕਹੇ, ''ਸੁਣੋ ਦਾਊਦ ਆਪਣੇ ਆਪ ਨੂੰ ਕੀ ਕਹਿੰਦਾ ਹੈ।''

**ਦਾਊਦ:** ਇੱਧਰ ਉੱਧਰ ਘਮੰਡ ਨਾਲ ਆਕੜ ਕੇ ਤੁਰਦਿਆਂ ਕਹੇ, ''ਮੈਂ ਰਾਜਾ ਹਾਂ। ਮੈਂ ਜੋ ਚਾਹਾਂ ਕਰ ਸਕਦਾ ਹਾਂ। ਮੈਂ ਜੋ ਕੁਝ ਚਾਹਾਂ ਪਾ ਸਕਦਾ ਹਾਂ।''

**ਬਥਸ਼ਬਾ:** ਦਾਊਦ ਦੇ ਸਾਹਮਣੇ ਤੁਰੇ। ਫਿਰ ਆਪਣੀਆਂ ਬਾਹਾਂ ਨੂੰ ਧੋਣ ਦਾ ਢੌਂਗ ਕਰੇ।

**ਊਰਿੱਯਾਹ:** ਆਪਣੀ ਪਤਨੀ ਲਾਗੇ ਖੜਾ ਹੋਵੇ, ਪਰ ਹੋਰ ਕਿਸੇ ਪਾਸੇ ਵੇਖੇ, ਦਾਊਦ ਜਾਂ ਬਥਸ਼ਬਾ ਵੱਲ ਨਹੀਂ।

**ਦਾਊਦ:** ਬਥਸ਼ਬਾ ਵੱਲ ਵੇਖੇ, ਅਤੇ ਫਿਰ ਆਲੇ ਦੁਆਲੇ ਵੇਖੇ ਕਿ ਕੋਈ ਵੇਖ ਤੇ ਨਹੀਂ ਰਿਹਾ।ਫਿਰ ਆਪਣੇ ਹੱਥ ਨਾਲ ਬਥਸ਼ਬਾ ਨੂੰ ਇਸ਼ਾਰਾ ਕਰੇ।

**ਬਥਸ਼ਬਾ:** ਦਾਊਦ ਕੋਲ ਜਾਵੇ ਅਤੇ ਉਸ ਨਾਲ ਚਲੀ ਜਾਵੇ।

**ਤੀਰਅੰਦਾਜ:** ਊਰਿੱਯਾਹ ਦੇ ਲਾਗੇ ਜਾਵੇ ਅਤੇ ਉਸ ਨੂੰ ਤੀਰ ਮਾਰਨ ਦਾ ਢੌਂਗ ਕਰੇ।ਤੀਰ ਦੇ ਕਮਾਣ ਵਿੱਚ ਦੀ ਆਵਾਜ਼ ਕੱਢੇ।

**ਊਰਿੱਯਾਹ:** ਆਪਣੀ ਛਾਤੀ ਨੂੰ ਫੜ ਕੇ, ਦਰਦ ਨਾਲ ਚੀਕਾਂ ਮਾਰੇ ਅਤੇ ਮਰੇ ਹੋਏ ਵਿਅਕਤੀ ਵਾਗੂੰ ਜ਼ਮੀਨ ਤੇ ਡਿੱਗ ਪਵੇ।

**ਕਥਾਵਾਚਕ:** 2 ਸਮੂਏਲ 12:1-14 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ।ਫਿਰ ਕਹੇ, ''ਸੁਣੋ, ਨਾਥਾਨ ਨਬੀ ਨੇ ਦਾਊਦ ਰਾਜਾ ਨੂੰ ਕੀ ਦੱਸਿਆ।''

**ਨਾਥਾਨ:** ਦਾਊਦ ਰਾਜਾ, ਕਿਰਪਾ ਕਰਕੇ ਵੇਖ। ਮੇਰੇ ਕੋਲ ਤੈਨੂੰ ਵਿਖਾਉਣ ਲਈ ਕਹਾਣੀ ਹੈ।''

**ਪਾਲਤੂ ਲੇਲਾ:** ਭੇਡਾਂ ਦੀ ਅਵਾਜ ਕੱਢਦਾ ਹੋਇਆ ਆਪਣੇ ਹੱਥਾਂ ਅਤੇ ਗੁਟਨਿਆ ਭਾਰ ਗਰੀਬ ਆਦਮੀ ਕੋਲ ਜਾਵੇ।

**ਗਰੀਬ ਆਦਮੀ:** ''ਇਹ ਛੋਟਾ ਲੇਲਾ ਬਹੁਤ ਵਧੀਆ ਹੈ!'' ਲੇਲੇ ਨੂੰ ਲਾਡ ਕਰੇ।

**ਭੇਡਾਂ:** ਭੇਡਾਂ ਵਾਗੂੰ ਜਾਣ ਅਤੇ ਅਮੀਰ ਆਦਮੀ ਦੇ ਆਲੇ ਦੁਆਲੇ ਭੀੜ ਕਰ ਦੇਣ।

**ਅਮੀਰ ਆਦਮੀ:** ਉੱਚੀ ਅਵਾਜ਼ ਵਿੱਚ ਆਪਣੀਆਂ ਭੇਡਾਂ ਦੀ ਗਿਣਤੀ ਕਰੇ। ਫਿਰ ਕਹੇ, ''ਮੈਂ ਭੇਡ ਖਾਣੀ ਚਾਹੁੰਦਾ ਹਾਂ, ''ਗਰੀਬ ਆਦਮੀ ਦੀ ਪਾਲਤੂ ਭੇਡ ਵੱਲ ਇਸ਼ਾਰਾ ਕਰੇ ਅਤੇ ਕਹੇ, ''ਉਹ ਵਾਲੀ!'' ਜਾਓ ਇਸ ਨੂੰ ਲੈ ਕੇ ਆਓ। ਚਾਕੂ ਨਾਲ ਇਸਦੇ ਗਲੇ ਨੂੰ ਵੱਢਣ ਦਾ ਢੌਂਗ ਕਰੇ। ਇਹ ਫਰਸ਼ ਉੱਤੇ ਡਿੱਗ ਪਵੇ।

**ਨਾਥਾਨ:** ''ਰਾਜਾ, ਇਸੇ ਤਰ੍ਹਾਂ ਤੂੰ ਕੀਤਾ ਹੈ! ਤੂੰ ਉਹ ਚੀਜ਼ ਲਈ ਜੋ ਤੇਰੀ ਨਹੀਂ ਸੀ।ਤੈਨੂੰ ਮਰਨਾ ਹੀ ਚਾਹੀਦਾ ਹੈ!''

**ਦਾਊਦ ਰਾਜਾ:** ''ਮੈਂ ਤੋਬਾ ਕਰਦਾ ਹਾਂ। ਪਰਮੇਸ਼ੁਰ ਮੈਨੂੰ ਮਾਫ਼ ਕਰੇ! ਇਹ ਪਾਪ ਮੇਰੇ ਜੀਵਨ ਵਿੱਚ ਵਧਦਾ ਜਾ ਰਿਹਾ ਸੀ, ਪਰ ਹੁਣ ਪਰਮੇਸ਼ੁਰ ਨੇ ਮੈਨੂੰ ਇਸ ਸ਼ਕਤੀ ਨੂੰ ਤੋੜਨ ਲਈ ਇਸਤੇਮਾਲ ਕੀਤਾ ਹੈ। ਹੁਣ ਤੋਂ ਮੈਂ ਚੰਗਾ ਵਿਹਾਰ ਕਰਾਂਗਾਂ।''

**ਨਾਥਾਨ:** ਪਰਮੇਸ਼ੁਰ ਤੈਨੂੰ ਮਾਫ਼ ਕਰਦਾ ਹੈ, ਪਰ ਤੇਰਾ ਪਾਪ ਬੁਰੇ ਨਤੀਜੇ ਲਿਆਵੇਗਾ। ਬਥਸ਼ਬਾ ਦਾ ਬੱਚਾ ਮਰ ਜਾਵੇਗਾ।

**ਪ੍ਰਸ਼ਨ:** ਜੇਕਰ ਬੱਚੇ ਇਸ ਕਹਾਣੀ ਨੂੰ ਬਾਲਗਾਂ ਲਈ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ, ਜਿੰਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।

ਫੁੱਲ੍ਹਾਂ ਵਿਚਕਾਰ ਗੋਖੜੂ ਦਾ ਚਿੱਤਰ ਬਣਾਓ।



ਬੱਚਿਆਂ ਨੂੰ ਆਪਣੇ ਚਿੱਤਰਾਂ ਨੂੰ ਅਰਾਧਨਾ ਸਮੇਂ ਦੌਰਾਨ ਬਾਲਗਾਂ ਨੂੰ ਵਿਖਾਉਣ ਦਿਓ।
ਬੱਚਿਆਂ ਨੂੰ ਸਮਝਾਉਣ ਦਿਓ ਕਿ ਇਹ ਚਿੱਤਰ ਵਿਖਾਉਂਦਾਂ ਹੈ ਕਿ ਕਿਵੇ ਪਾਪ, ਬਾਗ ਵਿੱਚ ਨਦੀਨ ਦੀ ਤਰ੍ਹਾਂ ਫੈਲਦਾ ਹੈ ਅਤੇ ਹੋਰ ਪਾਪਾਂ ਨੂੰ ਉਤਪੰਨ ਕਰਦਾ ਹੈ, ਜੇਕਰ ਅਸੀ ਇਸ ਨੂੰ ਨਹੀ ਪੁੱਟਦੇ। ਜਦੋਂ ਅਸੀਂ ਆਪਣੇ ਪਾਪਾਂ ਤੋਂ ਮਾਫ਼ੀ ਮੰਗਦੇ ਹਾਂ ਅਤੇ ਉਸਨੂੰ ਸਾਨੂੰ ਮਾਫ਼ ਕਰਨ ਲਈ ਕਹਿੰਦੇ ਹਾਂ, ਤਾਂ ਪਰਮੇਸ਼ੁਰ ਸਾਨੂੰ ਪਾਪ ਦੀ ਸ਼ਕਤੀ ਤੋਂ ਅਜ਼ਾਦ ਕਰਦਾ ਹੈ।

**ਵਿਚਾਰ ਵਿਮਰਸ਼ :** ਬੱਚਿਆ ਅਤੇ ਬਾਲਗਾਂ ਨੂੰ ਹੋਰ ਉਦਾਹਰਣਾਂ ਵੀ ਦੱਸਣ ਦਿਓ, ਜਿਸ ਵਿੱਚ ਪਰਮੇਸ਼ੁਰ ਨੇ ਲੋਕਾਂ ਦਿਆਂ ਜੀਵਨਾਂ ਵਿੱਚ ਬੁਰੀਆਂ ਆਦਤਾਂ ਦੇ ਗੜ੍ਹ ਨੂੰ ਤੋੜਿਆ ਹੈ।

ਕਵਿਤਾ : ਜ਼ਬੂਰ 51:14-17 ਵਿੱਚੋਂ ਚਾਰ ਬੱਚਿਆਂ ਨੂੰ ਇੱਕ-ਇੱਕ ਆਇਤ ਪੜ੍ਹਨ ਦਿਓ।

**ਵੱਡੇ ਬੱਚਿਆਂ** ਨੂੰ ਜ਼ਬੂਰ 51 ਵਿੱਚੋਂ ਸ਼ਬਦਾ ਜਾਂ ਵਿਚਾਰਾਂ ਦਾ ਪ੍ਰਯੋਗ ਕਰਦੇ ਹੋਏ ਕਵਿਤਾ ਜਾਂ ਗੀਤ ਲਿਖਣ ਦਿਓ।

**ਯਾਦ ਕਰੋ :** ਜ਼ਬੂਰ 51:12

**ਪ੍ਰਾਰਥਨਾ :** ਪ੍ਰਭੂ, ਕਈ ਵਾਰ ਸਾਡੇ ਜੀਵਨਾਂ ਵਿੱਚ ਅਜਿਹੇ ਪਾਪ ਹੁੰਦੇ ਹਨ, ਜੋ ਵੱਧਦੇ ਰਹਿੰਦੇ ਹਨ। ਅਸੀਂ ਉਨ੍ਹਾਂ ਦੀ ਸ਼ਕਤੀ ਨੂੰ ਤੋੜਦੇ ਨਹੀਂ ਜਾਪਦੇ। ਸਾਨੂੰ ਉਨ੍ਹਾਂ ਤੋਂ ਤੋਬਾ ਕਰਨ ਲਈ, ਬੁੱਧੀਮਾਨ ਲੋਕਾਂ ਨੂੰ ਲੱਭਣ ਵਿੱਚ ਮਦਦ ਕਰ ਜੋ ਸਾਨੂੰ ਉਨ੍ਹਾਂ ਤੋਂ ਦੂਰ ਰੱਖਣ ਵਿੱਚ ਮਦਦ ਕਰਨ। ਸਾਨੂੰ ਪਵਿੱਤਰ ਜੀਵਨ ਜੀਉਣ ਵਿੱਚ ਮਦਦ ਕਰ, ਯਿਸੂ ਦੇ ਨਾਂ ਵਿੱਚ, ਆਮੀਨ!"

Copyright 2003 by Paul-Timothy Trainers. May be freely copied. Download from www.Paul-Timothy.net